ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ।
ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਜ-8, ਐਸ.ਏ.ਐਸ. ਨਗਰ।
(ਸੇਵਾਵਾਂ ਸ਼ਾਖਾ)

ਵੈੱਬਸਾਈਟ ਰਾਂਹੀ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।
3. ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ: 10/40-20 ਸੇਪ੍ਰ (3)/188
ਮਿਤੀ, ਐਸ.ਏ.ਐਸ. ਨਗਰ : 21.3.2020

ਵਿਸ਼ਾ:- **ਕਰੋਨਾ ਵਾਈਰਸ Covid-19 ਫੈਲਾਅ ਕਾਰਨ ਬਣੀ ਐਮਰਜੈਂਸੀ ਸਥਿਤੀ ਦੌਰਾਨ ਸਕੀਮ SNP ਅਧੀਨ ਲਾਭਪਾਤਰੀਆਂ ਨੂੰ ਖੁਰਾਕ ਮੁੱਹਈਆ ਕਰਵਾਉਣ ਬਾਰੇ - ਸਰਕਾਰੀ ਸਕੂਲਾਂ ਵਿੱਚ ਚੱਲ ਰਹੀਆਂ ਆਂਗਣਵਾੜੀਆਂ ਸਬੰਧੀ**

*****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਦਫਤਰ ਡਾਇਰੈਕਟਰ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਪੱਤਰ ਨੰ: ਸ-7(ਆਈ.ਸੀ.ਡੀ.ਐਸੀ)-2020/15191-93 ਮਿਤੀ ਚੰਡੀਗੜ੍ਹ 20.03.2020 ਰਾਹੀਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਹਨਾਂ ਵੱਲੋਂ ਆਂਗਣਵਾੜੀ ਦੇ ਲਾਭਪਾਤਰੀਆਂ ਨੂੰ ਸਪਲੀਮੈਂਟਰੀ ਨਿਊਟਰਿਸ਼ਨ ਦੇਣ ਹਿੱਤ ਮਾਨਯੋਗ ਸੁਪਰੀਮ ਕੋਰਟ ਵੱਲੋਂ ਹਦਾਇਤ ਹੋਈ ਹੈ ਅਤੇ ਉਹਨਾਂ ਨੇ ਇਹ ਵੀ ਧਿਆਨ ਵਿੱਚ ਲਿਆਂਦਾ ਹੈ ਕਿ ਇਸ ਕੰਮ ਨੂੰ ਨਿਰਵਿਘਨ ਨੇਪਰੇ ਚੜਾਉਣ ਲਈ ਉਹਨਾਂ ਆਂਗਣਵਾੜੀਆਂ ਵਿੱਚ ਮੁਸ਼ਕਿਲ ਆ ਰਹੀ ਹੈ, ਜਿਹੜੀਆਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਸਥਿਤ ਹਨ, ਕਿਉਂ ਜੋ ਕਰੋਨਾ ਵਾਈਰਸ ਦੇ ਫੈਲਾਅ ਕਾਰਨ ਸਮੂਹ ਸਕੂਲਾਂ ਨੂੰ ਸਿੱਖਿਆ ਵਿਭਾਗ ਵੱਲੋਂ ਬੰਦ ਕਰ ਦਿੱਤਾ ਗਿਆ ਹੈ।

**ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਸਕੂਲਾਂ ਵਿੱਚ ਆਂਗਣਵਾੜੀ ਸੈਂਟਰ ਚੱਲ ਰਹੇ ਹਨ, ਉਹਨਾਂ ਸਕੂਲਾਂ ਦੇ ਮੇਨ ਗੇਟ/ਉਸ ਕਮਰੇ (ਜਿਸ ਵਿੱਚ ਆਂਗਣਵਾੜੀ ਸੈਂਟਰ ਚੱਲ ਰਿਹਾ ਹੈ) ਨੂੰ ਦੋ ਚਾਬੀਆਂ ਵਾਲਾ ਤਾਲਾ ਲਗਾਇਆ ਜਾਵੇ, ਇੱਕ ਚਾਬੀ ਆਂਗਣਵਾੜੀ ਵਰਕਰਾਂ ਨੂੰ ਦਿੱਤੀ ਜਾਵੇ ਤਾਂ ਜੋ ਉਹ ਸਮੇਂ ਸਿਰ ਨਿਰਵਿਘਨ ਆਪਣਾ ਕੰਮ ਕਰ ਸਕਣ।**

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ।
21/3/20